Tender Heart High School Class- IV (Punjabi)





[redacted] Chapter- 12 Gurpreet Kaur

(1)

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਚੌਥੀ ਜਮਾਤ ਦੇ ਪੰਜਾਬੀ ਦੇ ਵਿਸ਼ੇ ਨਾਲ ਸੰਬੰਧਿਤ ਪਾਠ- 12 'ਦੁਲਾਵਾਂ' ਦੀ ਮਾਤਰਾ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਜੇ ਸਾਰੇ ਵਿਦਿਆਰਥੀ ਤਿਆਰ ਹਨ, ਤਾਂ ਆਓ ਪੜ੍ਹਨਾ ਸ਼ੁਰੂ ਕਰੀਏ। ਇਸ ਮਾਤਰਾ ਦੀ ਅਵਾਜ਼ 'ਐ' ਵਾਂਗ ਹੁੰਦੀ ਹੈ। ਜਿਵੇਂ :- ਮੈਂ, ਸੈ, ਭੈ, ਕੈ ਆਦਿ। ਆਓ, ਇਸ ਮਾਤਰਾ ਵਾਲੇ ਸ਼ਬਦ ਪੜ੍ਹੀਏ।

## 12 ਦੁਲਾਵਾਂ ( ੈ )

| | | |
|---|---|---|
|  |  |  |
| ਪ+ ੈ +ਰ = ਪੈਰ | ਅ+ ੈ +ਨ+ਕ = ਐਨਕ | ਪ+ ੈ +ਸਾ = ਪੈਸਾ |
|  |  |  |
| ਕ+ ੈ +ਮ+ਰਾ = ਕੈਮਰਾ | ਟ+ ੈ +ਲੀ+ਵਿ+ਜ਼+ਨ = ਟੈਲੀਵਿਜ਼ਨ | ਪ+ ੈ +ਨ+ਸਿ+ਲ = ਪੈਨਸਿਲ |

Tender Heart High School, Class- IV (Punjabi)

Ch-12 Gurpreet Kaur

## ਪੜ੍ਹੋ, ਬੋਲੋ ਤੇ ਲਿਖੋ- (2)

| | | | | |
|---|---|---|---|---|
| ਸੈਰ | ਮੈਲ | ਬੈਠ | ਚੈਨ | ਮੈਚ |
| ਭੈਣ | ਕੈਦ | ਸੈਨਾ | ਮੈਦਾ | ਥੈਲਾ |
| ਹੈਰਾਨ | ਮੈਦਾਨ | ਤੈਰਾਕ | ਫ਼ੈਸ਼ਨ | ਕੈਲਾਸ਼ |
| ਅਪਰੈਲ | ਐਤਵਾਰ | ਪੈਦਾਵਾਰ | ਜਰਨੈਲ | ਨਿਰਵੈਰ |

ਆਓ, ਹੁਣ ਇਸ ਮਾਤਰਾ ਨਾਲ ਸੰਬੰਧਿਤ ਇੱਕ ਕਵਿਤਾ ਪੜ੍ਹੀਏ।

## ਭੈਣ ਆਈ



ਜਰਨੈਲ ਦੀ ਜਦ ਭੈਣ ਆਈ।
ਭੈਣ ਐਨਕ ਲਾ ਕੇ ਆਈ।
ਜਰਨੈਲ ਲਈ ਕੈਮਰਾ ਲਿਆਈ।
ਹੈਦਰ ਲਈ ਉਹ ਜੈਕਟ ਲਿਆਈ।
ਨੈਨਾ ਲਈ ਸਲੇਟ ਲਿਆਈ।
ਸਭ ਨੇ ਮਿਲ ਕੇ ਖ਼ੁਸ਼ੀ ਮਨਾਈ।
ਜਰਨੈਲ ਦੀ ਭੈਣ ਜਦ ਆਈ।

Tender Heart High School Class - IV (Punjabi)

Ch-12 Gurpreet Kaur

③

## ਅਭਿਆਸ


1. ਹੇਠ ਦਿੱਤੀਆਂ ਤਸਵੀਰਾਂ ਨੂੰ ਪਛਾਣ ਕੇ ਉਨ੍ਹਾਂ ਦੇ ਨਾਂ ਲਿਖੋ-


ਥੈਲਾ


ਸਵੈਟਰ


ਲਾਲਟੈਨ


ਕੈਦੀ


ਐਨਕ


ਸੈਨਿਕ

Tender Heart High School, Class- IV (Punjabi)

Ch -12 Gurpreet Kaur

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ- Last page (4)

ਸੈਰ, ਮੈਦਾਨ, ਭੈਣ, ਮੈਚ, ਐਤਵਾਰ

(ੳ) ਐਤਵਾਰ ਦਾ ਦਿਨ ਹੈ।

(ਅ) ਜਰਨੈਲ ਦੀ ਭੈਣ ਆਈ।

(ੲ) ਸਾਡੇ ਸਕੂਲ ਦਾ ਮੈਦਾਨ ਸਾਫ਼-ਸੁਥਰਾ ਹੈ।

(ਸ) ਸੈਰ ਕਰਨਾ ਸਿਹਤ ਲਈ ਲਾਭਦਾਇਕ ਹੈ।

(ਹ) ਹੈਦਰ ਮੈਚ ਖੇਡਣ ਗਿਆ।

3. ਗੁਬਾਰਿਆਂ ਵਿੱਚੋਂ (ੈ) ਦੀ ਮਾਤਰਾ ਵਾਲੇ ਸ਼ਬਦ ਲੱਭੋ-






ਧੰਨਵਾਦ।